ਨੰ:ਲੇਖਾਕਾਰ/ਸ.ਰ.ਸੁ.ਲੋਧੀ / 206 ਮਿਤੀ 02/07/2020

ਵੱਲੋਂ:

ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਸੁਲਤਾਨਪੁਰ ਲੋਧੀ ।

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।

ਵਿਸ਼ਾ:- ਦੀ ਹਰਨਾਮਪੁਰ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸਭਾ ਲਿਮ: ਹਰਨਾਮਪੁਰ ਵਿੱਚ ਸੇਲਜਮੈਨ ਦੀ ਨਿਯੁਕਤੀ ਸਬੰਧੀ ਇਸ਼ਤਿਹਾਰ ਵਿਭਾਗ ਦੀ ਵੈਬ-ਸਾਇਟ ਤੇ ਅਪਲੋਡ ਕਰਨ ਸਬੰਧੀ।

ਯਾਦ ਪੱਤਰ:-

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਸਹਿਤ ਲਿਖਿਆ ਜਾਂਦਾ ਹੈ ਕਿ **ਦੀ ਹਰਨਾਮਪੁਰ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸਭਾ ਲਿਮ: ਹਰਨਾਮਪੁਰ** ਵਿੱਚ ਸੇਲਜਮੈਨ ਦੀ ਨਿਯੁਕਤੀ ਕਰਨ ਲਈ ਪ੍ਰਵਾਨਗੀ ਮਾਨਯੋਗ ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਮੰਡਲ ਜਲੰਧਰ ਜੀ ਦੇ ਦਫਤਰ ਦੇ ਪੱਤਰ ਪਿਠ ਅੰਕਣ ਨੰ-ਐਸ.ਏ/ਸੰਰਜ਼/28ਬੀ /967 ਮਿਤੀ 13.02.2020 ਰਾਹੀ ਪ੍ਰਾਪਤ ਹੋ ਚੁੱਕੀ ਹੈ। ਸਭਾ ਵਿੱਚ ਸੇਲਜਮੈਨ ਦੀ ਭਰਤੀ ਕਰਨ ਸਬੰਧੀ ਅਗਲੀ ਕਾਰਵਾਈ ਕਰਦੇ ਹੋਏ ਪ੍ਰਵਾਨਗੀ ਦੀ ਕਾਪੀ ਨਰੀਖਕ ਹਲਕਾ ਨੂੰ ਭੇਜੀ ਗਈ ਸੀ। ਜਿਸ ਸਬੰਧੀ ਨਰੀਖਕ ਹਲਕਾ ਵਲੋਂ ਇਸ ਦਫਤਰ ਨੂੰ ਲਿਖਤੀ ਰਿਪੋਰਟ ਕੀਤੀ ਗਈ ਹੈ ਕਿ ਮਿਤੀ 16.06.2020 ਨੂੰ ਸਭਾ ਦੀ ਪ੍ਰਬੰਧਕ ਕਮੇਟੀ ਵਲੋਂ ਸਭਾ ਵਿੱਚ ਸੇਲਜਮੈਨ ਦੀ ਭਰਤੀ ਸਬੰਧੀ ਮਤਾ ਪਾਸ ਕਰਕੇ ਦੋ ਰੋਜਾਨਾ ਪ੍ਰਸਿੱਧ ਅਖਵਾਰਾਂ ਵਿੱਚ ਮਿਤੀ 02.**07.2020 ਨੂੰ ਪੰਜਾਬੀ ਟ੍ਰਿਬਿਊਨ ਅਤੇ ਦੈਨਿਕ ਸਵੇਰਾ** ਵਿੱਚ ਭਰਤੀ ਸਬੰਧੀ ਇਸਤਿਹਾਰ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਪਰ ਆਪ ਜੀ ਦੇ ਦਫਤਰ ਦੇ ਪੱਤਰ ਨੰ:ਰਸਸ/ਇ.ਸ.ਰ/ਐਸ.ਐਚ.ਜੀ/1709-11 ਮਿਤੀ 11.02.2020 ਰਾਹੀ ਸਭਾਵਾਂ ਵਿੱਚ ਮੁਲਜਮਾਂ ਦੀ ਨਿਯੁਕਤੀ ਸਬੰਧੀ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆ ਹਨ ਕਿ ਸਭਾਵਾਂ ਵਿੱਚ ਮੁਲਾਜਮ ਭਰਤੀ ਕਰਨ ਸਬੰਧੀ ਵਿਭਾਗ ਦੀ ਵੈਬ-ਸਾਈਟ ਤੇ ਇਸ਼ਤਿਹਾਰ ਅਪਲੋਡ ਕਰਨਾ ਅਤਿ ਜਰੂਰੀ ਹੈ।

ਇਸ ਲਈ ਆਪ ਜੀ ਨੂੰ ਦੀ ਹਰਨਾਮਪੁਰ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸਭਾ ਲਿਮ: ਹਰਨਾਮਪੁਰ ਵਿੱਚ ਸੇਲਜਮੈਨ ਦੀ ਨਿਯੁਕਤੀ ਕਰਨ ਸਬੰਧੀ ਦੋ ਰੋਜਾਨਾ ਪ੍ਰਸਿੱਧ ਅਖਬਾਰਾਂ ਵਿੱਚ ਪ੍ਰਕਾਸ਼ਿਤ ਕੀਤੇ ਗਏ ਇਸ਼ਤਿਹਾਰ ਦੀਆਂ ਕਾਪੀਆਂ ਅਤੇ ਸਭਾ ਵਿੱਚ ਕਰਮਚਾਰੀ ਭਰਤੀ ਕਰਨ ਸਬੰਧੀ ਪ੍ਰਾਪਤ ਪ੍ਰਵਾਨਗੀ ਦੀ ਕਾਪੀ ਇਸ ਪੱਤਰ ਨਾਲ ਨੱਥੀ ਕਰਕੇ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਇਸ ਇਸ਼ਤਿਹਾਰ ਨੂੰ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ, ਤਾਂ ਜ਼ੋ ਸਭਾ ਵਿੱਚ ਮੁਲਾਜਮ ਦੀ ਭਰਤੀ ਸਮੇਂ ਸਿਰ ਕੀਤੀ ਜਾ ਸਕੇ।

ਨੱਥੀ:-ਉਕਤ ਅਨੁਸਾਰ

ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਸੁਲਤਾਨਪੁਰਲੋਧੀ ।

Scanned with CamScanner

ਦੀ ਹਰਨਾਮਪੁਰ ਖੇਤੀਬਾੜੀ ਬਹੁਮੰਤਵੀ ਸੇਵਾ ਸਭਾ ਲਿਮ. ਹਰਨਾਮਪੁਰ, ਤਹਿ. ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਵਿਚ ਸੇਲਜਮੈਨ ਦੀ ਅਸਾਮੀ ਲਈ ਦਰਸਾਈ ਗਈ ਤਨਖਾਹ ਅਤੇ ਯੋਗਤਾ ਦੇ ਆਧਾਰ 'ਤੇ (ਕੰਟਰੈਕਟ ਬੇਸਿਸ) ਤੇ ਉਮਰ ਹੱਦ 18 ਤੋਂ 37 ਸਾਲ ਦੇ ਚਾਹਵਾਨ ਉਮੀਦਵਾਰਾਂ ਪਾਸੋਂ ਮਿਤੀ 02 ਜੁਲਾਈ ਤੋਂ 17 ਜੁਲਾਈ, 2020 ਤੱਕ ਬਿਨੈਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।

ਤਨਖਾਹ: ਜ਼ਿਲ੍ਹੇ ਦੇ ਡੀਸੀ. ਰੇਟਸ ਅਨੁਸਾਰ

**ਵਿੱਦਿਅਕ ਯੋਗਤਾ:** 1. ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਟ ਦੀ ਡਿਗਰੀ।

2. ਦਸਵੀਂ ਪੱਧਰ ਦੀ ਪੰਜਾਬੀ ਪਾਸ ਦੀ ਯੋਗਤਾ।
3. ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਵਿਭਾਗ ਦੇ "ਓ" ਲੈਵਲ ਦਾ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਉਮੀਦਵਾਰ ਨੇ ਸਰਕਾਰ ਪਾਸੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਮਸ਼ਹੂਰ ਸੰਸਥਾ ਜੋ ਆਈ.ਐਸ.ਓ. 9001 ਅਨੁਸਾਰ ਤਸਦੀਕਸ਼ੁਦਾ ਹੋਵੇ ਤੋਂ ਘੱਟੋ-ਘੱਟ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ:

ਪਰਸਨਲ ਕੰਪਿਊਟਰ ਦਾ ਕੋਰਸ ਜਾਂ ਇਨਫਰਮੇਸ਼ਨ ਟੈਕਨਾਲੋਜੀ ਵਿਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ ਡੈਸਕਟਾਪ ਪਬਲਿਸ਼ਿੰਗ ਦਾ ਕੋਰਸ ਪਾਸ ਕੀਤਾ ਹੋਵੇ।

4. ਪੇਂਡੂ ਪਿਛੋਕੜ।

ਨੋਟ: 1 ਅਧੂਰੇ ਦਸਤਾਵੇਜ਼ ਵਿਚਾਰੇ ਨਹੀਂ ਜਾਣਗੇ।

2 ਇਹ ਭਾਰਤੀ ਪੰਜਾਬ ਰਾਜ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਕਰਮਚਾਰੀ ਸੇਵਾ ਨਿਯਮ 1997 (2007 ਤੱਕ ਹੋਈਆਂ ਸੋਧਾਂ ਅਨੁਸਾਰ) ਅਤੇ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਕੀਤੀ ਜਾਵੇਗੀ।

3 ਚਾਹਵਾਨ ਉਮੀਦਵਾਰ ਆਪਣੀਆਂ ਅਰਜ਼ੀਆਂ ਸਭਾ ਦੇ ਦਫਤਰ ਵਿਖੇ ਨਿੱਜੀ ਰੂਪ ਵਿਚ ਦੇ ਕੇ ਆਉਣਗੇ।

4 ਭਰਤੀ ਸਬੰਧੀ ਇੰਟਰਵਿਊ ਮਿਤੀ 22 ਜੁਲਾਈ, 2020 ਨੂੰ ਸਵੇਰੇ 11.00 ਵਜੇ ਸਭਾ ਦੇ ਦਫਤਰ ਵਿਖੇ ਹੋਵੇਗੀ। ਕਿਸੇ ਤਬਦੀਲੀ ਦੀ ਸੂਰਤ ਵਿਚ ਉਮੀਦਵਾਰਾਂ ਨੂੰ ਫੋਨ ਰਾਹੀਂ ਸੰਪਰਕ ਕਰਕੇ ਸੂਚਿਤ ਕਰ ਦਿੱਤਾ ਜਾਵੇਗਾ। ਚੋਣ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ।

ਸਹੀ/- ਪ੍ਰਧਾਨ/ਸਕੱਤਰ,
ਦੀ ਹਰਨਾਮਪੁਰ ਖੇਤੀਬਾੜੀ ਬਹੁ-ਮੰਤਵੀ ਸਹਿਕਾਰੀ ਸੇਵਾ,
ਸਭਾ ਲਿਮ., ਹਰਨਾਮਪੁਰ।

DI-4472

CS Scanned with CamScanner